# 11

# ਵਿਆਹ ਅਤੇ ਤਲਾਕ

PJB 011

ਓਨਟਾਰੀਓ ਵਿੱਚ ਔਰਤਾਂ ਲਈ ਪਰਿਵਾਰਕ ਕਾਨੂੰਨ



## ਸਾਰੀਆਂ ਔਰਤਾਂ ਲਈ ਇੱਕੋ ਪਰਿਵਾਰਕ ਕਾਨੂੰਨ।

ਆਪਣੇ ਹੱਕ ਜਾਣੋ।


flew Family Law Education for Women
Women's Right to Know

fodf Femmes ontariennes et droit de la famille
Le droit de savoir

# ਵਿਆਹ ਅਤੇ ਤਲਾਕ

*ਇਸ ਪਰਚੇ ਦਾ ਮਕਸਦ ਤੁਹਾਨੂੰ ਕਾਨੂੰਨੀ ਮਾਮਲਿਆਂ ਬਾਰੇ ਬੁਨਿਆਦੀ ਗੱਲਾਂ ਸਮਝਾਉਣਾ ਹੈ। ਇਹ ਕਾਨੂੰਨੀ ਸਲਾਹ ਅਤੇ ਮਦਦ ਦਾ ਬਦਲ ਨਹੀਂ ਹੈ। ਜੇ ਤੁਸੀਂ ਪਰਿਵਾਰਕ ਕਾਨੂੰਨ ਵਿੱਚ ਉਲਝੇ ਹੋਏ ਹੋ ਤਾਂ ਆਪਣੇ ਹੱਕਾਂ ਦੀ ਹਿਫਾਜ਼ਤ ਲਈ ਜਿੰਨੀ ਛੇਤੀ ਹੋ ਸਕੇ, ਕਾਨੂੰਨੀ ਸਲਾਹ ਲਓ। ਪਰਿਵਾਰਕ ਕਾਨੂੰਨ ਦਾ ਕੋਈ ਵਕੀਲ ਲੱਭਣ ਅਤੇ ਉਸ ਦੀ ਫੀਸ ਦੇਣ ਬਾਰੇ ਵਧੇਰੇ ਜਾਣਕਾਰੀ ਲਈ ਸਾਡੀ ਵੈੱਬਸਾਈਟ www.onefamilylaw.ca 'ਤੇ ਸਾਡਾ ਪਰਚਾ "ਪਰਿਵਾਰਕ ਕਾਨੂੰਨ ਨਾਲ ਸਬੰਧਤ ਤੁਹਾਡੀ ਮੁਸ਼ਕਲ ਲਈ ਮਦਦ ਲੱਭਣਾ" ਵੇਖੋ।*

## ਵਿਆਹ ਕੌਣ ਕਰ ਸਕਦਾ ਹੈ?

ਓਂਟਾਰੀਓ ਵਿੱਚ ਵਿਆਹ ਕਰਨ ਲਈ ਤੁਹਾਡੀ ਉਮਰ ਘੱਟ ਤੋਂ ਘੱਟ 18 ਸਾਲ ਹੋਣੀ ਲਾਜ਼ਮੀ ਹੈ। ਤੁਸੀਂ ਕਿਸੇ ਆਦਮੀ ਜਾਂ ਔਰਤ ਨਾਲ ਵਿਆਹ ਕਰਵਾ ਸਕਦੈ ਹੋ।

ਕਾਨੂੰਨ ਦੇ ਅਨੁਸਾਰ ਵਿਆਹ ਦੀਆਂ ਰਸਮਾਂ ਦੋ ਕਿਸਮ ਦੀਆਂ ਹੁੰਦੀਆਂ ਹਨ। ਤੁਸੀਂ *ਮੈਰਿਜ ਐਕਟ (Marriage Act)* ਵਿੱਚ ਸੂਚੀਬੱਧ ਕੀਤੇ ਗਏ ਕਿਸੇ ਧਾਰਮਿਕ ਸੰਗਠਨ ਦੁਆਰਾ ਕੋਈ ਧਾਰਮਿਕ ਰਸਮ ਪੂਰੀ ਕਰਵਾ ਸਕਦੇ ਹੋ ਜਾਂ ਫੇਰ ਇੱਕ ਕਾਨੂੰਨੀ ਰਸਮ ਪੂਰੀ ਕਰ ਸਕਦੇ ਹੋ। ਕਾਨੂੰਨੀ ਰਸਮਾਂ ਕਿਸੇ ਜੱਜ, ਜਸਟਿਸ ਆਫ਼ ਪੀਸ, ਸਿਟੀ ਕਲਰਕ ਜਾਂ ਕਿਸੇ ਦੂਸਰੇ ਵਿਅਕਤੀ ਦੁਆਰਾ ਨਿਭਾਇਆਂ ਜਾਂਦੀਆਂ ਹਨ ਜਿਸ ਕੋਲ ਵਿਆਹ ਦੀ ਰਸਮ ਕਰਵਾਉਣ ਦਾ ਲਾਇਸੈਂਸ ਹੁੰਦਾ ਹੈ।

## ਓਂਟਾਰੀਓ ਵਿੱਚ ਵਿਆਹ ਬਾਰੇ ਕੀ ਨਿਯਮ ਹਨ?

ਹਰ ਵਿਅਕਤੀ ਨੂੰ ਵਿਆਹ ਕਰਨ ਦੀ ਆਗਿਆ ਨਹੀਂ ਹੁੰਦੀ। ਹੇਠਾਂ ਓਂਟਾਰੀਓ ਵਿੱਚ ਵਿਆਹ ਕਰਵਾਉਣ ਬਾਰੇ ਨਿਯਮਾਂ ਦੀਆਂ ਕੁਝ ਉਦਾਹਰਣਾਂ ਦਿੱਤੀਆਂ ਗਈਆਂ ਹਨ:

- ਓਂਟਾਰਓ ਵਿੱਚ ਵਿਆਹ ਕਰਵਾਉਣ ਲਈ ਤੁਹਾਡੀ ਉਮਰ ਘੱਟ ਤੋਂ ਘੱਟ 18 ਸਾਲ ਹੋਣੀ ਲਾਜ਼ਮੀ ਹੈ। ਜੇ ਤੁਹਾਡੀ ਉਮਰ 16 ਜਾਂ 17 ਸਾਲ ਹੈ ਤਾਂ ਤੁਸੀਂ ਸਿਰਫ਼ ਤਾਂ ਹੀ ਵਿਆਹ ਕਰਵਾ ਸਕਦੇ ਹੋ ਜੇ ਤੁਹਾਡੇ ਕੋਲ ਆਪਣੇ ਮਾਪਿਆਂ ਵਲੋਂ ਲਿਖਤੀ ਆਗਿਆ ਹੈ। ਓਂਟਾਰੀਓ ਵਿੱਚ 16 ਸਾਲ ਤੋਂ ਘੱਟ ਉਮਰ ਦੇ ਬੱਚੇ, ਆਪਣੇ ਮਾਪਿਆਂ ਦੀ ਆਗਿਆ ਨਾਲ ਵੀ ਵਿਆਹ ਨਹੀਂ ਕਰਵਾ ਸਕਦੇ ਹਨ।
- ਜੇ ਤੁਹਾਡਾ ਪਹਿਲਾਂ ਹੀ ਵਿਆਹ ਹੋ ਚੁੱਕਾ ਹੈ ਤਾਂ ਤੁਸੀਂ ਕਿਸੇ ਹੋਰ ਵਿਅਕਤੀ ਨਾਲ ਵਿਆਹ ਨਹੀਂ ਕਰਵਾ ਸਕਦੇ। ਕੈਨੇਡਾ ਵਿੱਚ ਇੱਕ ਤੋਂ ਵੱਧ ਪਤੀ/ਪਤਨੀ ਹੋਣਾ ਕਾਨੂੰਨ ਦੇ ਵਿਰੁੱਧ ਹੈ। ਇਸ ਨੂੰ **ਬਹੁ-ਵਿਆਹ (polygamy)** ਕਿਹਾ ਜਾਂਦਾ ਹੈ।
- ਜੇ ਪਹਿਲਾਂ ਤੁਹਾਡਾ ਵਿਆਹ ਹੋਇਆ ਹੈ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਇਹ ਸਿੱਧ ਕਰਨਾ ਪਵੇਗਾ ਕਿ ਤੁਸੀਂ ਪਹਿਲੇ ਪਤੀ/ਪਤਨੀ ਤੋਂ ਤਲਾਕ ਲੈ ਲਿਆ ਹੈ। ਜੇ ਤੁਹਾਡਾ ਤਲਾਕ ਕੈਨੇਡਾ ਤੋਂ ਬਾਹਰ ਹੋਇਆ ਸੀ, ਤਾਂ ਤੁਹਾਨੂੰ ਇਹ ਸਿੱਧ ਕਰਨਾ ਪਵੇਗਾ ਕਿ ਤੁਹਾਡਾ ਤਲਾਕ ਉਸ ਦੇਸ਼ ਵਿੱਚ ਕਾਨੂੰਨੀ ਤੌਰ 'ਤੇ ਜਾਇਜ਼ ਸੀ
- ਜੇ ਤੁਹਾਡਾ ਅਤੇ ਤੁਹਾਡੇ ਸਾਥੀ ਦਾ ਖ਼ੂਨ ਦੇ ਰਿਸ਼ਤੇ ਜਾਂ ਗੋਦ ਲਏ ਜਾਣ ਦੇ ਰਿਸ਼ਤੇ ਕਾਰਨ ਆਪਸ ਵਿੱਚ ਬਹੁਤ ਹੀ ਨਜ਼ਦੀਕ ਦਾ ਸੰਬੰਧ ਹੈ ਤਾਂ ਤੁਸੀਂ ਵਿਆਹ ਨਹੀਂ ਕਰਵਾ ਸਕਦੇ। ਤੁਸੀਂ ਆਪਣੇ ਮਾਤਾ/ਪਿਤਾ, ਦਾਦਾ/ਦਾਦੀ, ਨਾਨਾ/ਨਾਨੀ, ਬੱਚੇ, ਪੋਤਾ/ਪੋਤੀ, ਦੋਹਤਾ/ਦੋਹਤੀ, ਭਰਾ ਜਾਂ ਭੈਣ, ਜਾਂ ਮਤਰੇਅ ਭਰਾ ਜਾਂ ਭੈਣ ਨਾਲ ਵਿਆਹ ਨਹੀਂ ਕਰਵਾ ਸਕਦੇ।
- ਜੇ ਤੁਸੀਂ ਅਤੇ ਤੁਹਾਡਾ ਸਾਥੀ ਇਹ ਨਹੀਂ ਸਮਝ ਸਕਦੇ ਕਿ ਵਿਆਹ ਕਰਵਾਉਣ ਦਾ ਕੀ ਅਰਥ ਹੁੰਦਾ ਹੈ, ਤਾਂ ਵਿਆਹ ਕਾਨੂੰਨੀ ਤੌਰ 'ਤੇ ਵਿਆਹ ਨਹੀਂ ਮੰਨਿਆ ਜਾਂਦਾ।
- ਜੇ ਤੁਹਾਨੂੰ ਵਿਆਹ ਕਰਵਾਉਣ ਲਈ ਮਜਬੂਰ ਕੀਤਾ ਜਾਂਦਾ ਹੈ, ਤਾਂ ਇਹ ਕੈਨੇਡਾ ਵਿੱਚ ਕਾਨੂੰਨੀ ਤੌਰ 'ਤੇ ਜਾਇਜ਼ ਨਹੀਂ ਮੰਨਿਆ ਜਾਂਦਾ।

## ਕੀ ਦੂਸਰੇ ਦੇਸ਼ਾਂ ਵਿੱਚ ਕਰਵਾਏ ਗਏ ਵਿਆਹ ਕੈਨੇਡਾ ਵਿੱਚ ਕਾਨੂੰਨੀ ਤੌਰ ‘ਤੇ ਜਾਇਜ਼ ਹੁੰਦੇ ਹਨ?

ਜ਼ਿਆਦਾਤਰ, ਕੈਨੇਡਾ ਤੋਂ ਬਾਹਰ ਕੀਤੇ ਗਏ ਕਾਨੂੰਨੀ ਵਿਆਹ ਨੂੰ ਇੱਥੇ ਮਾਨਤਾ ਦਿੱਤੀ ਜਾਵੇਗੀ। ਪਰ ਕੈਨੇਡਾ ਵਿੱਚ ਇੱਕ ਤੋਂ ਵੱਧ ਪਤੀ/ਪਤਨੀ ਰੱਖਣ ਨੂੰ ਕਾਨੂੰਨੀ ਮਾਨਤਾ ਨਹੀਂ ਮਿਲਦੀ। ਜੇ ਤੁਹਾਡਾ ਵਿਆਹ ਕਿਸੇ ਅਜਿਹੇ ਦੇਸ਼ ਵਿੱਚ ਹੋਇਆ ਸੀ ਜਿੱਥੇ ਇੱਕ ਤੋਂ ਵੱਧ ਪਤੀ/ਪਤਨੀਆਂ ਦੀ ਆਗਿਆ ਹੈ, ਤਾਂ ਹੋ ਸਕਦਾ ਹੈ ਪਰਿਵਾਰਕ ਕਾਨੂੰਨ ਦੇ ਅੰਦਰ ਤੁਹਾਡੇ ਕੁਝ ਹੱਕ ਹੋਣ। ਇਸਦਾ ਅਰਥ ਹੈ ਕਿ ਜੇ ਤੁਹਾਡਾ ਰਿਸ਼ਤਾ ਖ਼ਤਮ ਹੋ ਜਾਂਦਾ ਹੈ ਤਾਂ ਤੁਹਾਡੇ ਕੋਲ ਬਾਲ ਸਹਾਇਤਾ, ਪਤੀ/ਪਤਨੀ ਸਹਾਇਤਾ ਅਤੇ ਜਾਇਦਾਦ ਦੇ ਵੰਡ ਬਾਰੇ ਕੁਝ ਕਾਨੂੰਨੀ ਹੱਕ ਹੋਣਗੇ।

ਜੇ ਤੁਸੀਂ ਆਪਣੇ ਵਿਆਹੁਤਾ ਹੋਣ ਦੇ ਰੁਤਬੇ ਬਾਰੇ ਪੱਕਾ ਨਹੀਂ ਪਤਾ ਤਾਂ ਕਾਨੂੰਨੀ ਸਲਾਹ ਲਓ।

## ਕੈਨੇਡਾ ਵਿੱਚ ਤਲਾਕ ਲੈਣਾ

ਕੈਨੇਡਾ ਵਿੱਚ ਸਾਰਿਆਂ ਲਈ ਤਲਾਕ ਬਾਰੇ ਇੱਕ ਹੀ ਕਾਨੂੰਨ ਹੈ। ਇਸ ਨੂੰ *ਡਾਈਵੋਰਸ ਐਕਟ (Divorce Act)* ਕਿਹਾ ਜਾਂਦਾ ਹੈ। ਤੁਸੀਂ ਕੈਨੇਡਾ ਵਿੱਚ ਕਿਤੇ ਵੀ ਰਹਿੰਦੇ ਹੋਵੋਂ, ਤਲਾਕ ਲੈਣ ਦਾ ਕਾਨੂੰਨ ਅਤੇ ਪ੍ਰਕਿਰਿਆ ਇੱਕ ਹੀ ਹਨ।

ਤਲਾਕ ਲੈਣ ਲਈ ਤੁਹਾਨੂੰ ਲਾਜ਼ਮੀ ਤੌਰ 'ਤੇ ਪਰਿਵਾਰਕ ਅਦਾਲਤ ਕੋਲ ਅਰਜ਼ੀ ਦੇਣੀ ਪੈਂਦੀ ਹੈ। ਜਾਂ ਤਾਂ ਤੁਸੀਂ ਜਾਂ ਤੁਹਾਡਾ ਪਤੀ/ਪਤਨੀ ਅਰਜ਼ੀ ਦਾਇਰ ਕਰ ਸਕਦੇ ਹੋ, ਜਾਂ ਫਿਰ ਤੁਸੀਂ ਦੋਵੇਂ ਇੱਕ ਸੰਯੁਕਤ ਅਰਜ਼ੀ ਦਾਇਰ ਕਰ ਸਕਦੇ ਹੋ। ਤੁਹਾਡੀ ਅਰਜ਼ੀ ਵਿੱਚ ਸਿਰਫ਼ ਤਲਾਕ ਦੀ ਮੰਗ ਕੀਤੀ ਜਾ ਸਕਦੀ ਹੈ ਜਾਂ ਫਿਰ ਅਦਾਲਤ ਨੂੰ ਬੱਚਿਆਂ 'ਤੇ ਕਬਜ਼ੇ, ਸਹਾਇਤਾ ਅਤੇ ਜਾਇਦਾਦ ਦੀ ਵੰਡ ਬਾਰੇ ਫ਼ੈਸਲਾ ਕਰਨ ਦੀ ਬੇਨਤੀ ਕੀਤੀ ਜਾ ਸਕਦੀ ਹੈ। ਇਹਨਾਂ ਨੂੰ **ਸੁਭਾਵਕ ਰਾਹਤ ਲਈ ਦਾਅਵੇ (claims for corollary relief)** ਕਿਹਾ ਜਾਂਦਾ ਹੈ।

ਜਦੋਂ ਤੁਸੀਂ ਤਲਾਕ ਲਈ ਅਰਜ਼ੀ ਦਿੰਦੇ ਹੋ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਇਹ ਦਿਖਾਉਣਾ ਪੈਂਦਾ ਹੈ ਕਿ ਤੁਹਾਡਾ ਵਿਆਹ ਖਤਮ ਹੋ ਚੁੱਕਾ ਹੈ। ਅਜਿਹਾ ਕਰਨ ਦੇ ਤਿੰਨ ਢੰਗ ਹਨ। ਸਭ ਤੋਂ ਆਮ ਢੰਗ ਹੈ ਕਿ ਤਲਾਕ ਲਈ ਅਰਜ਼ੀ ਦੇਣ ਤੋਂ ਪਹਿਲਾਂ ਤੁਸੀਂ ਅਤੇ ਤੁਹਾਡਾ ਪਤੀ/ਪਤਨੀ ਘੱਟੋ-ਘੱਟ ਇੱਕ ਸਾਲ ਤੋਂ ਵੱਖਰੇ ਅਤੇ ਇੱਕ ਦੂਜੇ ਤੋਂ ਪਰ੍ਹੇ ਰਹਿੰਦੇ ਰਹੇ ਹੋ। ਤੁਸੀਂ ਇੱਕ ਹੀ ਘਰ ਵਿੱਚ "ਵੱਖਰੇ ਅਤੇ ਇੱਕ ਦੂਜੇ ਤੋਂ ਪਰ੍ਹੇ" ਰਹਿ ਸਕਦੇ ਹੋ ਜੇ ਤੁਸੀਂ ਹੁਣ ਇਸ ਤਰ੍ਹਾਂ ਵਿਹਾਰ ਨਹੀਂ ਕਰਦੇ ਜਿਵੇਂ ਕਿ ਤੁਸੀਂ ਵਿਆਹੇ ਹੋਏ ਹੋਵੋ।

ਤਲਾਕ ਲੈਣਾ ਤਾਂ ਵੀ ਸੰਭਵ ਹੁੰਦਾ ਹੈ ਜੇ ਤੁਹਾਡੇ ਵਿੱਚੋਂ ਇੱਕ ਨੇ ਬਦਕਾਰੀ ਕੀਤੀ ਹੋਵੇ ਜਾਂ ਜੇ ਤੁਹਾਡਾ ਪਤੀ/ਪਤਨੀ ਸਰੀਰਕ ਜਾਂ ਮਾਨਸਿਕ ਤੌਰ 'ਤੇ ਇੰਨਾ ਜ਼ਾਲਮ ਰਿਹਾ ਹੋਵੇ ਕਿ ਤੁਸੀਂ ਹੁਣ ਇਕੱਠੇ ਨਹੀਂ ਰਹਿ ਸਕਦੇ।

## ਕੀ ਦੂਸਰੇ ਦੇਸ਼ਾਂ ਵਿੱਚ ਦਿੱਤੇ ਗਏ ਤਲਾਕ ਕੈਨੇਡਾ ਵਿੱਚ ਕਾਨੂੰਨੀ ਤੌਰ 'ਤੇ ਜਾਇਜ਼ ਹੁੰਦੇ ਹਨ?

ਓਂਟਾਰੀਓ ਸਵੀਕਾਰ ਕਰਦਾ ਹੈ ਕਿ ਦੂਸਰੇ ਦੇਸ਼ਾਂ ਵਿੱਚ ਦਿੱਤੇ ਗਏ ਤਲਾਕ ਕਾਨੂੰਨੀ ਤੌਰ 'ਤੇ ਜਾਇਜ਼ ਹਨ ਜੇ ਤਲਾਕ ਲਈ ਅਰਜ਼ੀ ਕਰਨ ਤੋਂ ਪਹਿਲਾਂ ਤੁਸੀਂ ਜਾਂ ਤੁਹਾਡਾ ਪਤੀ/ਪਤਨੀ ਘੱਟੋ-ਘੱਟ ਇੱਕ ਸਾਲ ਲਈ ਉਸ ਦੇਸ਼ ਵਿੱਚ ਰਹੇ ਹੋਵੋਂ। ਜੇ ਤੁਹਾਡੇ ਦੋਵਾਂ ਵਿੱਚੋਂ ਕੋਈ ਵੀ ਇੱਕ ਸਾਲ ਤਕ ਉਸ ਦੇਸ਼ ਵਿੱਚ ਨਾ ਰਿਹਾ ਹੋਵੇ ਤਾਂ ਤੁਹਾਡਾ ਤਲਾਕ ਅਜੇ ਵੀ ਕਾਨੂੰਨੀ ਤੌਰ 'ਤੇ ਜਾਇਜ਼ ਮੰਨਿਆ ਜਾ ਸਕਦਾ ਹੈ ਜੇ ਅਰਜ਼ੀ ਦੇਣ ਵਾਲਾ ਵਿਅਕਤੀ ਇਹ ਸਿੱਧ ਕਰ ਸਕੇ ਕਿ ਉਸ ਸਥਾਨ ਨਾਲ ਉਸਦਾ "ਅਸਲ ਅਤੇ ਠੋਸ ਸੰਬੰਧ" ਹੈ। ਉਦਾਹਰਣ ਵਜੋਂ, ਜੇ ਤੁਸੀਂ ਮੂਲ ਰੂਪ ਵਿੱਚ ਉਸ ਦੇਸ਼ ਤੋਂ ਸੀ ਜਿਸਨੇ ਤਲਾਕ ਨੂੰ ਮਨਜ਼ੂਰੀ ਦਿੱਤੀ ਅਤੇ ਆਪਣਾ ਰਿਸ਼ਤਾ ਖ਼ਤਮ ਹੋਣ ਦੇ ਸਮੇਂ ਉੱਥੇ ਵਾਪਸ ਚਲੇ ਗਏ ਸੀ ਤਾਂ ਅਦਾਲਤ ਕਹਿ ਸਕਦੀ ਹੈ ਕਿ ਉਸ ਦੇਸ਼ ਨਾਲ ਤੁਹਾਡਾ "ਅਸਲ ਅਤੇ ਠੋਸ" ਸੰਬੰਧ ਸੀ।

ਜੇ ਤੁਹਾਡਾ ਤਲਾਕ ਕਿਸੇ ਹੋਰ ਦੇਸ਼ ਵਿੱਚ ਹੋਇਆ ਸੀ, ਤਾਂ ਤੁਹਾਡੇ ਕੋਲ ਲਾਜ਼ਮੀ ਤੌਰ 'ਤੇ ਤਲਾਕ ਦੇ ਹੁਕਮ ਦੀ ਇੱਕ ਤਸਦੀਕਸ਼ੁਦਾ ਨਕਲ ਹੋਣੀ ਚਾਹੀਦੀ ਹੈ। ਜੇ ਇਹ ਅੰਗਰੇਜ਼ੀ ਜਾਂ ਫਰੈਂਚ ਵਿੱਚ ਨਾ ਹੋਵੇ, ਤਾਂ ਤੁਹਾਡੇ ਕੋਲ ਲਾਜ਼ਮੀ ਤੌਰ 'ਤੇ ਇਸਦੀ ਇੱਕ ਅਜਿਹੀ ਨਕਲ ਹੋਣੀ ਚਾਹੀਦੀ ਹੈ ਜੋ ਕਿਸੇ ਪ੍ਰਮਾਣਿਤ ਅਨੁਵਾਦਕ ਦੁਆਰਾ ਅਨੁਵਾਦਿਤ ਕੀਤੀ ਗਈ ਹੋਵੇ। ਤੁਹਾਡੇ ਕੋਲ ਓਂਟਾਰੀਓ ਦੇ ਕਿਸੇ ਵਕੀਲ ਵੱਲੋਂ ਇੱਕ ਪੱਤਰ ਦੀ ਵੀ ਲੋੜ ਹੁੰਦੀ ਹੈ ਜਿਸ ਵਿੱਚ ਕਿਹਾ ਗਿਆ ਹੋਵੇ ਕਿ ਤੁਹਾਡੇ ਤਲਾਕ ਨੂੰ ਕੈਨੇਡਾ ਦੇ ਕਾਨੂੰਨ ਤਹਿਤ ਮਾਨਤਾ ਮਿਲਣੀ ਚਾਹੀਦੀ ਹੈ।

## ਦੁਬਾਰਾ ਵਿਆਹ ਕਰਵਾਉਣ ਦੇ ਰਾਹ ਵਿੱਚ ਆਉਣ ਵਾਲੀਆਂ ਧਾਰਮਿਕ ਰੁਕਾਵਟਾਂ ਨੂੰ ਹਟਾਉਣਾ

ਕੁਝ ਧਰਮ ਕਾਨੂੰਨੀ ਤਲਾਕ ਨੂੰ ਮਾਨਤਾ ਨਹੀਂ ਦਿੰਦੇ ਅਤੇ ਇਹ ਕਹਿ ਸਕਦੇ ਹਨ ਕਿ ਤੁਸੀਂ ਧਾਰਮਿਕ ਭਾਈਚਾਰੇ ਵਿੱਚ ਹਿੱਸਾ ਨਹੀਂ ਲੈ ਸਕਦੇ। ਉਹ ਇਹ ਵੀ ਕਹਿ ਸਕਦੇ ਹਨ ਕਿ ਤੁਸੀਂ ਕਿਸੇ ਧਾਰਮਿਕ ਰਸਮ ਵਿੱਚ ਦੁਬਾਰਾ ਵਿਆਹ ਨਹੀਂ ਕਰਵਾ ਸਕਦੇ। ਅਜਿਹੇ ਮਾਮਲਿਆਂ ਵਿੱਚ, ਕੈਨੇਡਾ ਦਾ ਪਰਿਵਾਰਕ ਕਾਨੂੰਨ ਆਪਣੇ ਧਰਮ ਵਿੱਚ ਮੁੜ ਵਿਆਹ ਕਰਵਾਉਣ ਵਿੱਚ ਤੁਹਾਡੀ ਮਦਦ ਨਹੀਂ ਕਰ ਸਕਦਾ। ਤੁਹਾਨੂੰ ਕਿਸੇ ਕਾਨੂੰਨੀ ਰਸਮ ਵਿੱਚ ਮੁੜ ਵਿਆਹ ਕਰਵਾਉਣ ਦਾ ਹੱਕ ਜ਼ਰੂਰ ਹੁੰਦਾ ਹੈ।

ਕੈਨੇਡਾ ਦਾ ਪਰਿਵਾਰਕ ਕਾਨੂੰਨ ਤੁਹਾਡੇ ਪਤੀ ਨੂੰ ਤੁਹਾਨੂੰ ਧਾਰਮਿਕ ਤਲਾਕ ਦੇਣ ਲਈ ਮਜਬੂਰ ਨਹੀਂ ਕਰ ਸਕਦਾ। ਕੈਨੇਡਾ ਦਾ ਕਾਨੂੰਨ ਇਹ ਜ਼ਰੂਰ ਕਹਿੰਦਾ ਹੈ ਕਿ ਪਤੀ/ਪਤਨੀ ਪਰਿਵਾਰਕ ਕਾਨੂੰਨ ਦੀਆਂ ਸੌਦੇਬਾਜ਼ੀਆਂ ਵਿੱਚ ਆਪਣੀ ਮਰਜ਼ੀ ਚਲਾਉਣ ਦੀ ਕੋਸ਼ਿਸ਼ ਵਿੱਚ ਧਾਰਮਿਕ ਤਲਾਕ ਦਾ ਇਸਤੇਮਾਲ ਨਹੀਂ ਕਰ ਸਕਦੇ। ਜੇ ਤੁਹਾਡਾ ਸਾਬਕਾ ਪਤੀ/ਪਤਨੀ ਤੁਹਾਨੂੰ ਆਪਣੇ ਧਾਰਮਿਕ ਭਾਈਚਾਰੇ ਵਿੱਚ ਮੁੜ ਵਿਆਹ ਕਰਵਾਉਣ ਤੋਂ ਰੋਕਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਅਦਾਲਤ ਪਰਿਵਾਰਕ ਕਾਨੂੰਨ ਸੰਬੰਧੀ ਉਸਦੀ ਅਰਜ਼ੀ ਦਾ ਨਿਪਟਾਰਾ ਕਰਨ ਤੋਂ ਇਨਕਾਰ ਕਰ ਸਕਦੀ ਹੈ ਜਾਂ ਇਹ ਫ਼ੈਸਲਾ ਦੇ ਸਕਦੀ ਹੈ ਕਿ ਉਹ ਪਰਿਵਾਰਕ ਸੁਣਵਾਈ ਵਿੱਚ ਆਪਣਾ ਬਚਾਅ ਨਹੀਂ ਕਰ ਸਕਦਾ। ਅਦਾਲਤ ਤਲਾਕ ਦੇ ਕਿਸੇ ਨਿਪਟਾਰੇ ਨੂੰ ਰੱਦ ਵੀ ਕਰ ਸਕਦੀ ਹੈ ਜੇ ਇਹ ਪਤਾ ਲੱਗੇ ਕਿ ਤੁਹਾਨੂੰ ਆਪਣੇ ਧਾਰਮਿਕ ਭਾਈਚਾਰੇ ਵਿੱਚ ਮੁੜ ਵਿਆਹ ਕਰਵਾਉਣ ਤੋਂ ਰੋਕਣ ਦੀ ਧਮਕੀ ਦੇਣ ਨਾਲ ਤੁਹਾਡੇ ਪਤੀ/ਪਤਨੀ ਨੂੰ ਉਹ ਸਭ ਕੁਝ ਮਿਲ ਗਿਆ ਸੀ ਜੋ ਉਹ ਤਲਾਕ ਵਿੱਚ ਚਾਹੁੰਦਾ/ਚਾਹੁੰਦੀ ਸੀ।

*ਜੇ ਤੁਸੀਂ ਓਨਟੇਰੀਓ ਵਿੱਚ ਰਹਿੰਦੀ ਫਰਾਂਸੀਸੀ ਬੋਲੀ ਬੋਲਣ ਵਾਲੀ ਕੋਈ ਔਰਤ ਹੋ ਤਾਂ ਤੁਹਾਨੂੰ ਪਹਿਲਾਂ ਪਰਿਵਾਰਕ ਕਾਨੂੰਨ ਦੀ ਅਦਾਲਤ ਦੀਆਂ ਕਾਰਵਾਈਆਂ ਵਿੱਚ ਫਰਾਂਸੀਸੀ ਬੋਲੀ ਦੀਆਂ ਸੇਵਾਵਾਂ ਹਾਸਲ ਕਰਨ ਦਾ ਹੱਕ ਹੈ।ਆਪਣੇ ਹੱਕਾਂ ਬਾਰੇ ਵਧੇਰੇ ਜਾਣਕਾਰੀ ਲਈ ਕਿਸੇ ਵਕੀਲ, ਕਮਿਊਨਿਟੀ ਕਾਨੂੰਨ ਕਲੀਨਿਕ, ਜਾਂ ਹਿਮਾਇਤ ਦੇਣ ਵਾਲੀ ਲਾਈਨ ਫੈਮਏਡ (Femaide) ਨਾਲ਼ 1-877-336-2433, ਟੀ.ਟੀ.ਵਾਈ. 1-866-860-7082 'ਤੇ ਸੰਪਰਕ ਕਰੋ। ਫਰਾਂਸੀਸੀ ਬੋਲੀ ਦੀਆਂ ਸੇਵਾਵਾਂ ਹਾਸਲ ਕਰਨ ਸਬੰਧੀ ਵਧੇਰੇ ਜਾਣਕਾਰੀ ਤੁਹਾਨੂੰ ਸਾਡੀ ਵੈੱਬਸਾਈਟ www.onefamilylaw.ca ਜਾਂ www.undroitdefamille.ca 'ਤੇ ਮਿਲ ਸਕਦੀ ਹੈ।*

## ਪਰਿਵਾਰਕ ਕਾਨੂੰਨ ਦੇ ਉਪਲਬਧ ਵਿਸ਼ੇ:*

1. ਝਗੜਿਆਂ ਦਾ ਬਦਲਵਾਂ ਹੱਲ ਅਤੇ ਪਰਿਵਾਰਕ ਕਾਨੂੰਨ (PJB 001)
2. ਬੱਚਿਆਂ ਦੀ ਰੱਖਿਆ ਅਤੇ ਪਰਿਵਾਰਕ ਕਾਨੂੰਨ (PJB 002)
3. ਬਾਲ ਸਹਾਇਤਾ (PJB 003)
4. ਫੌਜਦਾਰੀ ਅਤੇ ਪਰਿਵਾਰਕ ਕਾਨੂੰਨ (PJB 004)
5. ਹਵਾਲਗੀ ਅਤੇ ਮੁਲਾਕਾਤ ਦਾ ਹੱਕ (PJB 005)
6. ਘਰੇਲੂ ਇਕਰਾਰਨਾਮੇ (PJB 006)
7. ਪਰਿਵਾਰਕ ਕਾਨੂੰਨ ਦੇ ਮਾਮਲਿਆਂ ਵਿੱਚ ਸਾਲਸੀ (PJB 007)
8. ਪ੍ਰਵਾਸੀ, ਸ਼ਰਨਾਰਥੀ ਅਤੇ ਗੈਰ-ਰੁਤਬਾ ਔਰਤਾਂ ਲਈ ਪਰਿਵਾਰਕ ਕਾਨੂੰਨ ਸੰਬੰਧੀ ਮਸਲੇ (PJB 008)
9. ਪਰਿਵਾਰਕ ਕਾਨੂੰਨ ਨਾਲ ਸਬੰਧਤ ਤੁਹਾਡੀ ਮੁਸ਼ਕਲ ਲਈ ਮਦਦ ਲੱਭਣਾ (PJB 009)
10. ਪਰਿਵਾਰਕ ਕਾਨੂੰਨ ਵਿੱਚ ਜਾਇਦਾਦ ਦੀ ਵੰਡ ਕਿਵੇਂ ਕੀਤੀ ਜਾਂਦੀ ਹੈ (PJB 010)
11. **ਵਿਆਹ ਅਤੇ ਤਲਾਕ (PJB 011)**
12. ਪਤੀ/ਪਤਨੀ ਲਈ ਸਹਾਇਤਾ (PJB 012)

** ਇਹ ਪਰਚਾ ਅਨੇਕਾਂ ਅਲੱਗ-ਅਲੱਗ ਫਰਮਿਆਂ ਅਤੇ ਬੋਲੀਆਂ ਵਿੱਚ ਉਪਲਬਧ ਹੈ। ਵਧੇਰੇ ਜਾਣਕਾਰੀ ਲਈ ਮਿਹਰਬਾਨੀ ਕਰਕੇ www.onefamilylaw.ca ਵੇਖੋ ਜੀ। ਪਰਿਵਾਰਕ ਕਾਨੂੰਨ ਦੇ ਆਪਣੇ ਹੱਕਾਂ ਨੂੰ ਸਮਝਣ ਵਿੱਚ ਮਦਦ ਲਈ ਤੁਹਾਨੂੰ ਵਧੀਕ ਜਾਣਕਾਰੀ ਸਾਡੀ ਵੈੱਬਸਾਈਟ ਤੋਂ ਵੀ ਮਿਲ ਸਕਦੀ ਹੈ।*

flew Family Law Education for Women
Women's Right to Know

fodf Femmes ontariennes et droit de la famille
Le droit de savoir

Funded by: / Financé par :
Ontario

ਇਨ੍ਹਾਂ ਸਮੱਗਰੀਆਂ ਵਿੱਚ ਜ਼ਾਹਰ ਕੀਤੇ ਵਿਚਾਰ ਐੱਫ.ਐੱਲ.ਈ.ਡਬਲਿਊ. ਦੇ ਹਨ ਅਤੇ ਜ਼ਰੂਰੀ ਨਹੀਂ ਕਿ ਉਹ ਸੂਬਾਈ ਸਰਕਾਰ ਦੇ ਵਿਚਾਰਾਂ ਦੀ ਤਰਜਮਾਨੀ ਕਰਨ।